# ਪਬਲਿਕ ਨੋਟਿਸ

1. ਮਾਨਯੋਗ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 185 ਆਫ 2014 ਸਵੀਟੀ ਬਡਵਾਲ ਕੇਸ ਵਿੱਚ ਮਿਤੀ 16-12-2016 ਨੂੰ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਸਾਲ 2008,2012 ਅਤੇ 2016 ਵਿੱਚ ਬਤੌਰ ਲੈਕਚਰਾਰ ਕੀਤੀਆਂ ਪਦ-ਉਨੱਤੀਆਂ ਦਾ ਰੀਵਿਊ ਕਰਨ ਉਪਰੰਤ ਹੁਕਮ ਮਿਤੀ 17-09-2019 ਰਾਹੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੇ ਗਏ ਹਨ।

2. ਇਸ ਸਬੰਧੀ ਸਬੰਧਤ ਡੀ.ਡੀ.ਓ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਕਰਮਚਾਰੀਆਂ ਦੀ ਮਿਤੀ 17-09-2019 ਦੇ ਹੁਕਮਾਂ ਅਨੁਸਾਰ ਪੱਦ-ਉਨੱਤੀ ਕੀਤੀ ਗਈ ਹੈ। ਉਹਨਾਂ ਸਾਰੇ ਕਰਮਚਾਰੀਆਂ ਤੋਂ ਇਨ੍ਹਾਂ ਹੁਕਮਾਂ ਨਾਲ ਨੱਥੀ ਸਵੈ ਘੋਸ਼ਣਾ ਪ੍ਰਾਪਤ ਕਰਕੇ ਵਿਭਾਗ ਦੇ ਇਸ ਮੰਤਵ ਲਈ ਬਣਾਏ special e-portal ਤੇ ਅਪਲੋਡ ਕਰਨਾ ਯਕੀਨੀ ਬਣਾਇਆ ਜਾਵੇ। ((ਕਰਮਚਾਰੀ e-punjab school ਤੇ ਆਪਣੀ staff Id ਖੋਲਣ ਉਪਰੰਤ ਇਹ special e-portal ਦਾ link ਵੇਖ ਸਕੇਗਾ)

3. ਇਸ ਤੋਂ ਇਲਾਵਾ ਜਿਨ੍ਹਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਬਾਹਰ ਦੀਆਂ ਯੂਨੀਵਰਸਿਟੀਆਂ ਤੋਂ ਆਪਣੀ ਪੋਸਟ ਗਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕੀਤੀ ਹੈ, ਉਹਨਾ ਕਰਮਚਾਰੀਆਂ ਦੀ ਪੋਸਟ ਗਰੈਜੂਏਸ਼ਨ ਡਿਗਰੀ ਦੇ ਪਹਿਲੇ ਅਤੇ ਦੂਜੇ ਸਾਲ ਦੇ ਸਰਟੀਫਿਕੇਟ ਅਤੇ ਇਸ ਤੋਂ ਇਲਾਵਾ ਪੱਦ-ਉਨੱਤੀ ਦੇ ਹੁਕਮਾਂ ਵਿੱਚ ਦਰਸਾਏ ਵਿਸ਼ੇਸ਼ ਕਥਨ ਅਨੁਸਾਰ ਲੋੜੀਦੇ ਦਸਤਾਵੇਜ/ਵੇਰਵੇ ਸਵੈ ਘੋਸ਼ਣਾ ਦੇ ਨਾਲ ਹੀ special e-portal ਤੇ 15 ਦਿਨਾਂ ਦੇ ਅੰਦਰ ਅੰਦਰ ਪੂਰੇ ਕਰਵਾਉਣਾ ਵੀ ਸਬੰਧਤ ਡੀ.ਡੀ.ਓ ਵੱਲੋਂ ਯਕੀਨੀ ਬਣਾਇਆ ਜਾਵੇ।

4. ਰਿਟਾਇਰ ਹੋ ਚੁੱਕੇ ਜਾਂ ਕਿਸੇ ਹੋਰ ਕਰਮਚਾਰੀ, ਜਿਨ੍ਹਾਂ ਨੂੰ ਵਿਭਾਗ ਦੇ e-portal ਤੇ staff Id ਅਲਾਟ ਨਹੀ ਕੀਤੀ ਗਈ ਸੀ, ਪਰੰਤੂ ਰੀਵਿਊ ਉਪਰੰਤ ਉਹ ਪੱਦ-ਉਨੱਤ ਹੁੰਦੇ ਹਨ, ਅਜਿਹੇ ਕਰਮਚਾਰੀਆਂ ਦੇ ਵੇਰਵੇ ਉਸ ਸਕੂਲ ਦਾ ਡੀ.ਡੀ.ਓ, ਜਿਸ ਸਕੂਲ ਤੋਂ ਉਹ ਕਰਮਚਾਰੀ ਰਿਟਾਇਰ ਹੋਇਆ ਸੀ, ਆਪਣੇ ਜਿਲੇ ਦੇ ਐਮ.ਆਈ.ਐਸ ਕੋਆਰਡੀਨੇਟਰ ਤੋਂ ਉਸ ਕਰਮਚਾਰੀ ਦਾ ਰਿਕਾਰਡ ਨਵੇ ਸਿਰੇ ਤੋਂ ਅਪਡੇਟ ਕਰਵਾ ਕੇ ਉਸ ਦੇ ਵੇਰਵੇ ਮੁਕੰਮਲ ਕਰਵਾਉਣਾ ਯਕੀਨੀ ਬਣਾਏਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ),
ਪੰਜਾਬ।

ਮੀਮੋ ਨੰ: 11/51-2017 ਅ1(7,8,9)
ਮਿਤੀ:- 19-09-19